**CLASS :10th (Secondary)** **Code No. 3509**

**Series : Sec. M/2018**

*ਰੋਲਨੰ.* | | | | | | | | | | |

# ਪੰਜਾਬੀ

## PUNJABI

*(Academic/Open)*

(Only forFresh/Re-appear Candidates)

*ਸਮਾਂ :**3**ਘੰਟੇ]* *[ਕੁਲ ਅੰਕ : **80***

- *ਕ੍ਰਿਪਆਜਾਂਚਕਰਲਓਕਿਇਸ ਪ੍ਰਸਨ-ਪੱਤਰਵਿੱਚਛੱਪੇ ਪੰਨਿਆ ਦੀ ਸੰਖ਼ਿਆ**8** ਅਤੇ ਪ੍ਰਸ਼ਨ**10**ਹਨ।*
- *ਪ੍ਰਸ਼ਨ-ਪੱਤਰਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡਨੰ.**ਨੂੰਵਿਦਿਆਰਥੀਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆਪ੍ਰਸ਼ਨਦਾਉੱਤਰਲਿਖ਼ਣਾ ਸ਼ੁਰੂ ਕਰਨਤੋਂਪਹਿਲਾਂਪ੍ਰਸ਼ਨਦਾਕ੍ਰਮਾਂਕਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾਵਿੱਚ ਖ਼ਾਲੀਪੰਨਾ/ ਪੰਨੇਨਾਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾਕੋਈਹੋਰਸ਼ੀਟਨਹੀਂਮਿਲੇਗੀ। ਇਸ ਲਈ ਢੁਕਵੇਂ ਹੀਲਿਖ਼ੋ ਅਤੇ ਲਿਖ਼ਿਆ ਉੱਤਰ ਨਾਕੱਟੋ।*
- *ਪ੍ਰੀਖਿਆਰਥੀਆਪਣਾਰੋਲਨੰ.ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆਪ੍ਰਸ਼ਨਾਂਦਾ ਉੱਤਰ ਦੇਣ ਤੋਂਪਹਿਲਾਂਇਹ ਵੇਖ ਲੋਕਿਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦਇਸ ਸੰਬੰਧਵਿਚਕੋਈਵੀਦਾਅਵਾਨਹੀਂਮੰਨਿਆਜਾਏਗਾ।***

---

***ਨੋਟ : ਸਾਰੇ ਪ੍ਰਸ਼ਨਕਰਨੇ ਜ਼ਰੂਰੀ ਹਨ।***

**ਭਾਗ– (ੳ)**

**1.** (i) ਰਾਮ ਅਤੇ ਸ਼ਾਸ ਸਕੇ ਭਰਾਹਨ। (ਸੰਯੁਕਤਵਾਕਬਣਾਓ)2

(ii) ਕਸਰਤਕਰਨਦਾਕੋਈ ਨੁਕਸਾਨਨਹੀਂ। (ਹਾਂਵਾਚਕਵਾਕਬਣਾਓ) 2

(iii) ਅੰਸੀਲ ਗੇਂਦ ਨਾਲ ਖੇਡਦਾ ਹੈ। (ਨਾਂਵ ਦੀ ਪਦਵੰਡਕਰੋ)2

(iv) ਹੇਠ ਲਿਖੇ ਵਾਕ ਅਤੇ ਸ਼ਬਦ ਨੂੰ ਸ਼ੁੱਧਕਰਕੇ ਲਿਖੋ :

(ੳ) ਉਸ ਨੇ ਕਿਹਾਮੈਂਪਾਸ ਹੋ ਜਾਵਾਂਗਾ 2

(ਅ) ਲਾਈਬਰੇਰੀ। 1

**2.** (i) ਹੇਠ ਲਿਖੇ ਵਾਕ ਨੂੰ ਵਿਸਰਾਮਚਿੰਨ੍ਹਲਗਾ ਕੇ ਲਿਖੋ : 3

ਤੂੰ ਅੱਜਕਾਲੇਜ ਕਿਉਂ ਨਹੀਂਗਿਆਪਿਤਾ ਨੇ ਅਮਰਨੂੰ ਪੁਛਿਆ।

(ii) ਹੇਠੇ ਲਿਖੇ ਅਖਾਣਾਂਵਿਚੋਂਕਿਸੇ ਇਕਅਖਾਣ ਨੂੰ ਅਰਥ ਸਹਿਤਵਾਕਾਂਵਿੱਚਵਰਤੋ : 2

(ੳ) ਸਸਤਾਰੋਵੇ ਵਾਰ-ਵਾਰ, ਮਹਿੰਗਾਰੋਵੇ ਇਕਵਾਰ।

(ਅ) ਵਿਆਹਵਿੱਚਬੀਦਾ ਲੇਖਾ।

(iii) ਹੇਠ ਲਿਖੇ ਮੁਹਾਵਰਿਆਂਵਿਚੋਂਕਿਸੇ ਇੱਕ ਮੁਹਾਵਰੇ ਨੂੰ ਅਰਥ ਸਹਿਤਵਾਕਾਂਵਿੱਚਵਰਤੋ : 1

(ੳ) ਉੱਲੂ ਬੋਲਣੇ।

(ਅ) ਚਾਂਦੀ ਦੀ ਜੁੱਤੀਮਾਰਨੀ।

**3.** ਹੇਠ ਲਿਖੇ ਪੈਰ੍ਹੇ ਨੂੰ ਧਿਆਨਨਾਲਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਧਰਤੀ ਸਾਡੀਮਾਂ ਹੈ। ਇਹ ਸਾਨੂੰ ਅਨਾਜ਼, ਫ਼ਲ ਅਤੇ ਸਬਜੀਆਂਦਿੰਦੀ ਹੈ। ਸਾਡੀਅਗਿਆਨਤਾਕਾਰਨਧਰਤੀਵੀਦੁਸ਼ਿਤ ਹੋ ਗਈ ਹੈ। ਸਨਅਤੀ ਅਤੇ ਘਰੇਲੂ ਸੀਵਰੇਜ਼ ਦੇ ਜਹਿਰੀਲੇ ਤੱਤਮਿੱਟੀਵਿੱਚਮਿਲ ਕੇ ਮਿੱਟੀ ਨੂੰ ਪ੍ਰਦੁਸ਼ਿਤਕਰਦਿੰਦੇ ਹਨ। ਜਿਸ ਨਾਲਧਰਤੀ ਦੀ ਉਪਜਾਊ ਸ਼ਕਤੀਖਤਮ ਹੋ ਜਾਂਦੀ ਹੈ। ਮਿੱਟੀਜਹਿਰੀਲੀ ਹੋ ਜਾਂਦੀ ਹੈ। ਫਸਲਾਂ ਦੀ ਪੈਦਾਵਾਰਵਧਾਉਣ ਲਈ ਵਰਤੀਜਾਣਵਾਲੀਰਸਾਇਨਕਖਾਦ ਅਤੇਕੀੜੇਮਾਰਨਵਾਲੀਆਂਦਵਾਈਆਂਮਿੱਟੀ ਨੂੰ ਜਹਿਰੀਲਾਕਰਦਿੰਦੀਆਂਹਨ।

(i) ਧਰਤੀਕਿਸ ਕਾਰਨ ਦੁਸ਼ਿਤ ਹੋ ਰਹੀ ਹੈ? 2

(ii) ਖਾਦਾਂ ਅਤੇ ਦਵਾਈਆਂਮਿੱਟੀ ਨੂੰ ਕਿਸ ਤਰ੍ਹਾਂਦਾਬਣਾਦਿੰਦੀਆਂਹਨ? 2

(iii) ਪੈਰ੍ਹੇ ਦਾ ਢੁੱਕਵਾਂਸਿਰਲੇਖ ਲਿਖੋ। 1

**4.** ਹੇਠ ਲਿਖੇ ਵਿਸ਼ਿਆਂਵਿੱਚੋਂਕਿਸੇ ***ਇੱਕ***ਵਿਸ਼ੇ ਤੇ ਲਗਭਗ300ਸ਼ਬਦਾਂਦਾ ਲੇਖ ਲਿਖੋ : 5

(i) ਸ੍ਰੀ ਗੁਰੂ ਅਰਜਨ ਦੇਵ ਜੀ

(ii) ਸ਼ਹੀਦ ਭਗਤ ਸਿੰਘ

(iii) ਡਾ.ਅੰਬੇਡਕਰ

(iv) ਅਨੁਸ਼ਾਸਨ, ਵਿਦਿਆਰਥੀਦਾਜੀਵਨ

(v) ਮਹਿੰਗਾਈਇੱਕ ਸਮੱਸਿਆ।

**5.** ਆਪਣੇ ਸਕੂਲ ਦੇ ਮੁੱਖਅਧਿਆਪਕ ਨੂੰ ਸਕੂਲ ਛੱਡਣਦਾ ਸਰਟੀਫਿਕੇਟਲੈਣਲਈਂ ਬੇਨਤੀਪੱਤਰਲਿਖੋ। 5

**ਜਾਂ**

ਸ਼ਹਿਰਵਿੱਚਵੱਧਰਹੀ ਗੁੰਡਾਗਰਦੀ ਨੂੰ ਰੋਕਣਲਈਂ ਪੁਲਿਸ ਕਮਿਸ਼ਨਰ ਨੂੰ ਬੇਨਤੀਪੱਤਰਲਿਖੋ।

**ਭਾਗ– (ਅ)**

6. (ੳ)ਹੇਠ ਲਿਖੇ ਕਾਵਿ-ਟੋਟਿਆਂਵਿੱਚੋਂਕਿਸੇ ਇਕ ਦੀ ਪ੍ਰਸੰਗ ਸਹਿਤਵਿਆਖਿਆਕਰੋ : 5

ਮੇਰੇ ਹਰਿਪ੍ਰਭਿ ਲੇਖੁ ਲਿਖਾਇਆ ਧੁਰਿਮਸਤਿਕ ਪੂਰਾ।

ਹਰਿਹਰਿਨਾਮੁ ਧਿਆਇਆ ਭੇਟਿਆ ਗੁਰੂ ਸੂਰਾ।

ਮੇਰਾ ਪਿਤਾਮਾਤਾਹਰਿਨਾਮੁ ਹੈ ਹਰਿਬੰਧਪੁ ਬੀਰਾ।

ਹਰਿਹਰਿਬਖਸਿਮਿਲਾਇਪ੍ਰਭਜਨੁ ਨਾਨਕਕੀਰਾ।

**ਜਾਂ**

ਗੁੰਮ ਨੇ ਰਸੋਈਵਿੱਚੋਂਚਾਟੀਆਂਮਧਾਣੀਆਂ।

ਬਰਗਰਾਂ ਤੇ ਪੀਜ਼ਿਆਂ ਨੇ ਪੱਟੀਆਂ ਸੁਆਣੀਆਂ।

ਖਾਣ-ਪੀਣਪਹਿਰਾਵਾਆਪਣਾ ਗੁਆਚਿਆ।

ਵਗੀਆਂ ਨੇ ਪੱਛਮੀਹਵਾਵਾਂਮਰਜਾਣੀਆਂ।

(ਅ) (i) ਕਵੀ ਜਸਵੰਤਸਿੰਘ ਸੇਖਵਾਂ ਨੇ ਕਿਸ ਦੀ ਮਹੱਤਤਾਬਾਰੇ ਅਤੇ ਕਿਉਂ ਦਸਿਆ ਹੈ? 3

(ii) 'ਮਿਜਮਾਨੀ' ਕਵਿਤਾਕਿਸ ਸੂਫੀ ਕਵੀ ਦੀ ਕਵਿਤਾ ਹੈ? 1

(iii) ਸਾਰੀ ਦੁਨੀਆਂਵਿੱਚਕਿਸ ਬੋਲੀ ਦੀ ਧਾਕ ਹੈ? 1

**7.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) 'ਆਦਤਾਂ' ਲੇਖ ਵਿਚ ਸਾਡੀ ਸਭਤੋਂਪਹਿਲੀਆਦਤਕਿਹੜੀਦੱਸੀਗਈ ਹੈ? ਉਸ ਦਾ ਨੁਕਸਾਨਵੀਲਿਖੋ। 3

(ii) ਲੇਖਕ ਆਸਟਰੇਲੀਆਦੀਆਂਕਿਹੜੀਆਂ-ਕਿਹੜੀਆਂ ਚੀਜ਼ਾਂ ਦਾਵਰਣਨਕਰਦਾ ਹੈ? 3

(iii) ਗੂਗਲਇਨਪੁਟ ਟੂਲ ਕਿੰਨੀਆਂਭਾਸ਼ਾਵਾਂਲਈਕੰਮਕਰਦਾ ਹੈ? 1

(iv) ਪੰਜਾਬ ਦੇ ਕਿਸੇ ਵੀਲੋਕ-ਗੀਤਦੀਆਂ ਦੋ ਪੰਕਤੀਆਂਲਿਖੋ। 1

(v) ਡਾ.ਦਵਿੰਦਰ ਸੈਫ਼ੀ ਦੇ ਲੇਖ ਦਾਨਾਂਲਿਖੋ। 1

(vi) ਸਭ ਤੋਂਵੱਡੇ ਰੋਗਦਾਨਾਂਲਿਖੋ। 1

**8.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) 'ਨਾਨੀਦਾਪਿਆਰ' ਕਹਾਣੀਦਾ ਉਦੇਸ਼ ਲਿਖੋ। 5

(ii) ਗਮਲਿਆਂ ਨੂੰ ਦੇਖ ਕੇ ਕਿਸ ਦਾ ਚੇਹਰਾ ਕੁਮਲਾਗਿਆ, ਅਤੇ ਕਿਉਂ? 3

(iii) 'ਈਅਰਫੋਨ' ਕਹਾਣੀ ਦੇ ਕਹਾਣੀਕਾਰਦਾਨਾਂਲਿਖੋ। 1

(iv) 'ਮੈਂਕਿਸੇ ਤੋਂਘੱਟਨਹੀ' ਕਹਾਣੀ ਦੀ ਮੁੱਖਔਰਤਪਾਤਰਦਾਨਾਂਲਿਖੋ। 1

**9.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) 'ਬੇਬੇ ਰਾਮਭਜਨੀ' ਸਭ ਕੁਝ ਕਿਉਂ ਦਾਨਕਰਨਾਚਾਹੁਦੀ ਹੈ? 3

(ii) ਨੇਤਾਲੋਕਲੋਕਾਂਲਈਂ ਕੀ ਕੁਝ ਕਰ ਸਕਦੇ ਹਨ? 3

(iii) 'ਬੇਬੇ ਰਾਮਭਜਨੀ' ਇਕਾਂਗੀਵਿੱਚ ਕੁੱਲਕਿਤਨੇ ਪਾਤਰਹਨ? 1

(iv) 'ਬੇਬੇ ਰਾਮਭਜਨੀ' ਇਕਾਂਗੀ ਦੇ ਇਕਾਂਗੀਕਾਰਦਾਨਾਂਲਿਖੋ। 1

(v) 'ਰਾਜਿਆਰਾਜਕਰੇਂਦਿਆ'ਇਕਾਂਗੀਵਿੱਚ ਕੁੱਲਕਿਤਨੇ ਦ੍ਰਿਸ਼ਹਨ? 1

(vi) ਜੰਗਲਵਿੱਚ ਰੁੱਖ ਦੀ ਟਹਿਣੀ ਉੱਪਰ ਕੌਣਬੈਠੇ ਹਨ? 1

**10.** ਹੇਠ ਲਿਖੇ ਪ੍ਰਸਨਾਂ ਦੇ ਸੰਖੇਪ ਉੱਤਰ ਲਿਖੋ :

(i) ਕਿਸ ਸਾਬਕਾਰਾਸਟਰਪਤੀ ਨੂੰ ਗਰੀਬਾਂਦਾਮਸੀਹਾਕਿਹਾਜਾਂਦਾ ਹੈ? ਉਨ੍ਹਾਂ ਦੇ ਨਾਂ ਤੇ ਬਣੀਫਿਲਮਦਾਨਾਂਵੀਲਿਖੋ। 3

(ii) ਨਾਨਕਸਿੰਘਦਾਜਨਮਕਦੋਂਅਤੇ ਕਿਥੇ ਹੋਇਆ? ਉਨ੍ਹਾਂ ਦੇ ਬਚਪਨਦਾਨਾਂਵੀਲਿਖੋ। 3

(iii) ਤੀਜੀਆਂ ਏਸੀਆਈ ਖੇਡਾਂਕਿਥੇ ਹੋਈਆਂ? 1

(iv) 'ਬੀਬੀਭਾਨੀਜੀ' ਜੀਵਨੀ ਦੇ ਜੀਵਨੀਕਾਰਦਾਨਾਂਲਿਖੋ। 1

(v) ਬੀਬੀਭਾਨੀ ਦੇ ਪਿਤਾਦਾਨਾਂਲਿਖੋ। 1

(vi) ਉੱਡਣਾਸਿੱਖਕਿਸ ਨੂੰ ਕਿਹਾਗਿਆ ਹੈ? 1